# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਐਸ.ਏ.ਐਸ ਨਗਰ, ਪੰਜਾਬ।

ਹੁਕਮ ਨੰ: (48118 ਸਰਹਿ) (6431 ਅ-2) 15/1138-15 ਅ-2 (4) (ਕੋ:ਸੈ: (2) )
ਮਿਤੀ, ਐਸ.ਏ.ਐਸ.ਨਗਰ : 29-12-15

ਸ਼੍ਰੀਮਤੀ ਪਰਮਿੰਦਰ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ ਸਿਵੀਆਂ, ਜ਼ਿਲ੍ਹਾ ਬਠਿੰਡਾ ਦੀ ਮਿਤੀ 15-01-16 ਤੋਂ 14-02-16 ਤੱਕ ਅੱਧੀ ਤਨਖਾਹ ਛੁੱਟੀ ਵਿਦੇਸ਼ (ਆਸਟ੍ਰੇਲੀਆ) ਜਾਣ ਲਈ ਛੁੱਟੀ ਹੇਠ ਲਿਖੀਆਂ ਸ਼ਰਤਾਂ ਤੇ ਮੰਨਜ਼ੂਰ ਕੀਤੀ ਜਾਂਦੀ ਹੈ:-

1. ਕਰਮਚਾਰੀ/ਕਰਮਚਾਰਨ ਆਪਣੀ ਛੁੱਟੀ ਵਿਚ ਵਾਧਾ ਨਹੀ ਕਰੇਗਾ/ ਕਰੇਗੀ।
2. ਕਰਮਚਾਰੀ/ਕਰਮਚਾਰਨ ਵਿਦੇਸ਼ ਵਿੱਚ ਜਾ ਕੇ ਦੇਸ਼ ਵਿਰੋਧੀ ਗਤੀਵਿਧੀਆ ਵਿਚ ਹਿਸਾ ਨਹੀਂ ਲਵੇਗਾ/ਲਵੇਗੀ।
3. ਕਰਮਚਾਰੀ/ਕਰਮਚਾਰਨ ਛੁੱਟੀ ਖਤਮ ਹੋਣ ਤੇ ਵਾਪਸ ਹਾਜਰ ਨਹੀ ਹੁੰਦਾ/ਹੁੰਦੀ ਤਾਂ ਉਸ ਵਲੋ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਸਰਕਾਰੀ ਨੌਕਰੀ ਤੋ ਅਸਤੀਫਾ ਪ੍ਰਵਾਨ ਕਰ ਲਿਆ ਜਾਵੇਗਾ।
4. ਕਰਮਚਾਰੀ/ਕਰਮਚਾਰਨ ਵਿਦੇਸ਼ ਵਿੱਚ ਰਹਿੰਦੇ ਹੋਏ ਆਪਣੀ ਆਮਦਨ ਲਈ ਕਿਸੇ ਹੋਰ ਜਗ੍ਹਾ ਨੌਕਰੀ ਨਹੀਂ ਕਰੇਗਾ/ ਕਰੇਗੀ।
5. ਕਰਮਚਾਰੀ/ਕਰਮਚਾਰਨ ਖਿਲਾਫ ਕੋਈ ਪੁਲਿਸ/ਵਿਜੀਲੈਂਸ ਕੇਸ /ਵਿਭਾਗੀ ਪੈਂਡਿੰਗ ਪੜਤਾਲ/ਏ.ਜੀ. ਪੰਜਾਬ ਵੱਲੋਂ ਆਡਿਟ ਇਤਰਾਜ ਅਤੇ ਐਲ.ਟੀ.ਸੀ ਆਦਿ ਸਬੰਧੀ ਕੋਈ ਕੇਸ ਪੈਡਿੰਗ ਨਾ ਹੋਵੇ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਪਿੱਠ ਅੰਕਣ ਨੰ: ਉਕਤ 22361-63 ਮਿਤੀ,ਐਸ.ਏ.ਐਸ.ਨਗਰ : 29/12/15

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ ਉਹਨਾਂ ਦੇ ਪੱਤਰ ਨੰ: ਅ-2/1 () 2015 /ਵਿਦੇਸ਼ ਛੁੱਟੀ/1335-36 ਮਿਤੀ 10-12-15 ਦੇ ਸਬੰਧ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ/ ਕਰਮਚਾਰਨ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜ਼ਰ ਹੋਣ / ਨਾ ਹੋਣ ਸਬੰਧੀ ਸੂਚਨਾ ਇਸ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2. ਪ੍ਰਿੰਸੀਪਲ/ ਮੁੱਖ ਅਧਿਆਪਕ, ਸ.ਸ.ਸ.ਸ ਸਿਵੀਆਂ, ਜ਼ਿਲ੍ਹਾ ਬਠਿੰਡਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ/ ਕਰਮਚਾਰਨ ਦੀ ਛੁੱਟੀ 10 ਦਿਨ ਤੋ ਵੱਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।
3. ਸ਼੍ਰੀਮਤੀ ਪਰਮਿੰਦਰ ਕੌਰ, ਪੰਜਾਬੀ ਮਿਸਟ੍ਰੈਸ, ਸ.ਸ.ਸ.ਸ ਸਿਵੀਆਂ, ਜ਼ਿਲ੍ਹਾ ਬਠਿੰਡਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ